pstcl

ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
ਰਜਿ:ਦਫਤਰ:ਪੀਐਸਈਬੀ ਹੈਡ ਆਫਿਸ, ਦੀ ਮਾਲ,ਪਟਿਆਲਾ-147001,ਪੰਜਾਬ,ਭਾਰਤ
Corporate Identity Number: U40109PB2010SGC033814 (www.pstcl.org)
(ਦਫਤਰ ਵਿੱਤ ਸਲਾਹਕਾਰ, ਲੋਨ ਅਤੇ ਬੈਕਿੰਗ ਸ਼ਾਖਾ),
ਤੀਜੀ ਮੰਜਿਲ,ਸ਼ਕਤੀ ਸਦਨ, ਸਾਹਮਣੇ ਕਾਲੀ ਮਾਤਾ ਮੰਦਿਰ,ਪਟਿਆਲਾ
Fax /Ph. No.0175-2206523 Email : ao-fa@pstcl.org

ਵੱਲ

ਸਮੂਹ ਡੀ.ਡੀ.ਓਜ,
ਅਧੀਨ ਪੀਐਸਟੀਸੀਐਲ।

ਮੀਮੋ ਨੰ........862/904

ਮਿਤੀ.........20/8/2020

ਵਿਸ਼ਾ:- ਬੈਂਕ ਰਿਕੰਸੀਲੇਸ਼ਨ ਸਟੇਟਮੈਂਟਸ (ਪ੍ਰਾਪਤੀ ਤੇ ਅਦਾਇਗੀ ਖਾਤੇ ਨਾਲ ਸਬੰਧਿਤ) ਭੇਜਣ ਸਬੰਧੀ।

ਆਪ ਜੀ ਦਾ ਧਿਆਨ ਉਪਰੋਕਤ ਵਿਸ਼ੇ ਵੱਲ ਦਿਵਾਉਂਦੇ ਹੋਏ ਲਿਖਿਆ ਜਾਂਦਾ ਹੈ ਕਿ ਇਹ ਦੇਖਣ ਵਿਚ ਆਇਆ ਹੈ ਕਿ ਬਹੁਤ ਸਾਰੇ ਮੰਡਲ ਦਫ਼ਤਰਾਂ ਵਲੋਂ ਬੈਂਕ ਮਿਲਾਨ ਸਾਰਣੀਆਂ ਸਮੇਂ ਸਿਰ ਨਹੀਂ ਭੇਜੀਆਂ ਜਾਂਦੀਆਂ। ਇਸ ਲਈ ਸਮੂਹ ਡੀ.ਡੀ.ਓਜ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬੈਂਕ ਮਿਲਾਨ ਸਾਰਣੀਆਂ ਹਰ ਪਾਸੋਂ ਮੁਕੰਮਲ ਕਰਕੇ ਸਮੇਂ ਸਿਰ ਭੇਜਣਾ ਯਕੀਨੀ ਬਣਾਇਆ ਜਾਵੇ, ਤਾਂ ਜੋ ਇਸ ਦਫ਼ਤਰ ਵੱਲੋਂ ਸਬੰਧਤ ਰਿਕਾਰਡ/BRS ਨੂੰ ਚੰਗੀ ਤਰਾਂ ਚੈਕ ਕੀਤਾ ਜਾ ਸਕੇ ਜੀ। ਪਿਛਲੇ ਕੁਝ ਸਮੇਂ ਤੋਂ ਕਈ ਡੀ.ਡੀ.ਓਜ ਵੱਲੋਂ ਬੀ.ਆਰ.ਐਸ ਨਾਲ ਸਬੰਧਿਤ ਰਿਕਾਰਡ ਇਸ ਦਫ਼ਤਰ ਨੂੰ ਨਹੀਂ ਭੇਜਿਆ ਜਾ ਰਿਹਾ ਜਿਸ ਦਾ ਉਚ ਅਧਿਕਾਰੀਆਂ ਵੱਲੋਂ ਗੰਭੀਰਤਾ ਨਾਲ ਨੋਟਿਸ ਲਿਆ ਗਿਆ ਹੈ।

ਇਸ ਲਈ ਉਪਰੋਕਤ ਨੂੰ ਮੁੱਖ ਰੱਖਦੇ ਹੋਏ (ਪਿਛਲੇ ਮਹੀਨੇ ਨਾਲ ਸਬੰਧਿਤ) ਬੈਂਕ ਰਿਕੰਸੀਲੇਸ਼ਨ ਸਟੇਟਮੈਂਟਸ (ਪ੍ਰਾਪਤੀ ਤੇ ਅਦਾਇਗੀ ਖਾਤੇ ਨਾਲ ਸਬੰਧਿਤ) ਹਰ ਮਹੀਨੇ ਦੀ 0੪ ਤਰੀਖ ਤੱਕ ਇਸ ਦਫ਼ਤਰ ਦੀ email.id:- aobankingfa@gmail.com ਤੇ ਭੇਜਣਾ ਯਕੀਨੀ ਬਣਾਇਆ ਜਾਵੇ। ਰਿਕਾਰਡ ਸਮੇ ਸਿਰ ਨਾ ਪ੍ਰਾਪਤ ਹੋਣ ਦੀ ਸੂਰਤ ਵਿੱਚ ਸਬੰਧਿਤ ਦਫ਼ਤਰ ਦੇ **ਫੰਡਜ block ਕਰ ਦਿੱਤੇ ਜਾਣਗੇ ਅਤੇ ਉਸ ਕੇਸ ਵਿੱਚ ਉਚ ਅਧਿਕਾਰੀਆਂ ਦੀ ਪ੍ਰਵਾਨਗੀ ਲੈਣ ਉਪਰੰਤ ਹੀ ਫੰਡ ਜਾਰੀ ਕੀਤੇ ਜਾਣਗੇ।**

ਇਹ ਪੱਤਰ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ ਜੀ।

ਲੇਖਾ ਅਫ਼ਸਰ/ਲੋਨ ਅਤੇ ਬੈਂਕਿੰਗ,
ਪੀਐਸਟੀਸੀਐਲ, ਪਟਿਆਲਾ।